# ਬੀ.ਸੀ. ਦੀ ਪ੍ਰੌਸੀਕਿਊਸ਼ਨ ਸਰਵਿਸ ਦਾ ਰੋਲ

## ਪੜਤਾਲ

- ਜਦੋਂ ਕਿਸੇ ਸੰਭਵ ਜੁਰਮ ਦੀ ਰਿਪੋਰਟ ਕੀਤੀ ਜਾਂਦੀ ਹੈ ਜਾਂ ਪਛਾਣ ਕੀਤੀ ਜਾਂਦੀ ਹੈ ਤਾਂ ਪੁਲੀਸ ਪੜਤਾਲ ਕਰੇਗੀ ਅਤੇ ਇਹ ਫੈਸਲਾ ਕਰੇਗੀ ਕਿ ਕੀ ਘਟਨਾ ਦੀ ਰਿਪੋਰਟ ਬੀ.ਸੀ. ਦੀ ਪ੍ਰੌਸੀਕਿਊਸ਼ਨ ਸਰਵਿਸ ਨੂੰ ਭੇਜੇ ਜਾਣ ਲਈ ਕਰਾਊਨ ਕੌਂਸਲ (ਆਰ ਸੀ ਸੀ) ਨੂੰ ਦਿੱਤੀ ਜਾਣੀ ਚਾਹੀਦੀ ਹੈ।
- ਬ੍ਰਿਟਿਸ਼ ਕੋਲੰਬੀਆ ਵਿਚ ਸਰਕਾਰੀ ਵਕੀਲ (ਪ੍ਰੌਸੀਕਿਊਟਰ) ਇਹ ਫੈਸਲਾ ਕਰਦੇ ਹਨ ਕਿ ਕੀ ਮੁਜਰਮਾਨਾ ਚਾਰਜ ਲਗਾਏ ਜਾਣੇ ਚਾਹੀਦੇ ਹਨ। ਕਰਾਊਨ ਕੌਂਸਲ ਜੁਰਮਾਂ ਦੀ ਪੜਤਾਲ ਨਹੀਂ ਕਰਦੇ। ਅਤੇ ਨਾ ਹੀ ਉਨ੍ਹਾਂ ਕੋਲ ਨਿੱਜੀ ਪੜਤਾਲਾਂ ਦੇ ਸੰਬੰਧ ਵਿਚ ਪੁਲੀਸ ਉੱਪਰ ਕੋਈ ਅਧਿਕਾਰ ਹੁੰਦਾ ਹੈ।

## ਚਾਰਜ ਅਸੈੱਸਮੈਂਟ

- ਇਹ ਫੈਸਲਾ ਕਰਨ ਲਈ ਕਿ ਕੀ ਮੁਜਰਮਾਨਾ ਚਾਰਜਾਂ ਨੂੰ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ, ਇਕ ਦੋ-ਹਿੱਸਿਆਂ ਵਾਲੇ ਟੈੱਸਟ ਦੀ ਵਰਤੋਂ ਕੀਤੀ ਜਾਂਦੀ ਹੈ: ਪਹਿਲਾ ਇਹ ਕਿ ਪੁਲੀਸ ਵਲੋਂ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਦੋਸ਼ ਸਿੱਧ ਹੋਣ ਦੀ ਸਚਮੁੱਚ ਸੰਭਾਵਨਾ ਹੋਣੀ ਜ਼ਰੂਰੀ ਹੈ, ਅਤੇ ਦੂਜਾ ਮੁਕੱਦਮਾ ਲੋਕ ਹਿੱਤਾਂ ਵਿਚ ਹੋਣਾ ਜ਼ਰੂਰੀ ਹੈ।
- ਕਰਾਊਨ ਕੌਂਸਲ ਇਹ ਵਿਚਾਰ ਕਰਦਾ ਹੈ ਅਤੇ ਦੇਖਦਾ ਹੈ ਕਿ ਕੀ ਅਤੇ ਕਿਹੜੇ ਚਾਰਜ ਲਗਾਏ ਜਾਣੇ ਹਨ ਅਤੇ ਕਿਸ ਦੇ ਖਿਲਾਫ ਲਗਾਏ ਜਾਣੇ ਹਨ। ਕਰਾਊਨ ਕੌਂਸਲ ਇਹ ਫੈਸਲਾ ਕਰ ਸਕਦਾ ਹੈ ਕਿ ਕੋਈ ਚਾਰਜ ਨਹੀਂ ਲਗਾਏ ਜਾਣੇ ਚਾਹੀਦੇ, ਚਾਰਜ ਲਗਾਏ ਜਾਣੇ ਚਾਹੀਦੇ ਹਨ, ਜਾਂ ਕਥਿਤ ਦੋਸ਼ੀ ਨੂੰ ਅਦਾਲਤ ਵਿਚ ਭੇਜਣ ਦੀ ਬਜਾਏ ਕਿਸੇ ਬਦਲਵੇਂ ਪ੍ਰੋਗਰਾਮ ਵਿਚ ਭੇਜਿਆ ਜਾਣਾ ਚਾਹੀਦਾ ਹੈ।
- ਕਰਾਊਨ ਕੌਂਸਲ ਲਈ ਪੌਲਸੀ ਮੈਨੂਅਲ ਵੀ ਸਰਕਾਰੀ ਵਕੀਲਾਂ ਨੂੰ ਚਾਰਜਾਂ ਬਾਰੇ ਆਪਣੇ ਫੈਸਲੇ ਕਰਨ ਲਈ ਸੇਧ ਦਿੰਦਾ ਹੈ।
- ਚਾਰਜ ਦੀ ਅਸੈੱਸਮੈਂਟ ਕਰ ਲਏ ਜਾਣ ਤੋਂ ਬਾਅਦ, ਮੁਕੱਦਮੇ ਦੀ ਇਕ ਨਵੀਂ ਫਾਇਲ ਤਿਆਰ ਕੀਤੀ ਜਾਂਦੀ ਹੈ, ਜਿਸ ਵਿਚ ਇਕ ਜਾਂ ਜ਼ਿਆਦਾ ਕਥਿਤ ਦੋਸ਼ੀ, ਇਕ ਜਾਂ ਜ਼ਿਆਦਾ ਚਾਰਜਾਂ ਵਿਚ ਸ਼ਾਮਲ ਹੋ ਸਕਦੇ ਹਨ।
- ਅਦਾਲਤ ਦੀ ਰਸਮੀ ਕਾਰਵਾਈ ਜਾਣਕਾਰੀ (ਚਾਰਜ ਕਰਨ ਵਾਲੇ ਡਾਕੂਮੈਂਟ) ਦੀ ਸਹੁੰ ਚੁੱਕਣ ਨਾਲ ਸ਼ੁਰੂ ਹੁੰਦੀ ਹੈ।

## ਮੁਕੱਦਮੇ ਅਤੇ ਅਪੀਲਾਂ

- ਕਰਾਊਨ ਕੌਂਸਲ ਅਦਾਲਤ ਦੇ ਹਰ ਪੱਧਰ 'ਤੇ ਮੁਕੱਦਮੇ ਅਤੇ ਅਪੀਲਾਂ ਲੜਦਾ ਹੈ: ਬੀ.ਸੀ. ਦੀ ਸੂਬਾਈ ਕੋਰਟ, ਬੀ.ਸੀ. ਸੁਪਰੀਮ ਕੋਰਟ, ਬੀ.ਸੀ. ਕੋਰਟ ਔਫ ਅਪੀਲ ਅਤੇ ਕੈਨੇਡਾ ਦੀ ਸੁਪਰੀਮ ਕੋਰਟ।
- ਕਰਾਊਨ ਕੌਂਸਲ ਵਕੀਲ ਹਨ ਜਿਹੜੇ ਸਮੁੱਚੇ ਤੌਰ ਤੇ ਸਮਾਜ ਦੀ ਤਰਫੋਂ ਸਰਕਾਰੀ ਵਕੀਲ ਵਜੋਂ ਕੇਸ ਲੜਦੇ ਹਨ।
- ਭਾਵੇਂ ਕਿ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿੱਚੋਂ ਇਕ ਜ਼ਿੰਮੇਵਾਰੀ ਪੀੜਿਤਾਂ (ਵਿਕਟਿਮਜ਼) ਨੂੰ ਇਨਸਾਫ ਦੇ ਕਾਰਜ ਬਾਰੇ ਜਾਣਕਾਰੀ ਦਿੰਦੇ ਰਹਿਣਾ ਹੈ, ਪਰ ਸਰਕਾਰੀ ਵਕੀਲ ਜੁਰਮ ਦੇ ਪੀੜਿਤਾਂ ਲਈ ਕੰਮ ਨਹੀਂ ਕਰਦੇ।
- ਕਰਾਊਨ ਕੌਂਸਲ ਦਾ ਫਰਜ਼ ਕਿਸੇ ਵੀ ਕੀਮਤ 'ਤੇ ਦੋਸ਼ ਸਿੱਧ ਕਰਨਾ ਨਹੀਂ ਹੈ, ਪਰ ਇਹ ਯਕੀਨੀ ਬਣਾਉਣਾ ਹੈ ਕਿ ਮੁਕੱਦਮੇ ਦੀ ਕਾਰਵਾਈ ਸਾਰਿਆਂ ਲਈ ਨਿਰਪੱਖ ਹੈ, ਅਤੇ ਸਬੂਤ ਪੂਰੀ ਅਤੇ ਸਹੀ ਤਰ੍ਹਾਂ ਪੇਸ਼ ਕੀਤੇ ਗਏ ਹਨ ਅਤੇ ਨਿਆਂ ਕਾਰਜ ਦੀ ਨੇਕ ਨੀਤੀ ਕਾਇਮ ਰੱਖੀ ਗਈ ਹੈ।



## ਸਜ਼ਾਵਾਂ

- ਜੇ ਕਥਿਤ ਦੋਸ਼ੀ ਦੋਸ਼ ਮੰਨ ਲੈਂਦਾ ਹੈ ਜਾਂ ਮੁਕੱਦਮੇ ਤੋਂ ਬਾਅਦ ਦੋਸ਼ੀ ਸਿੱਧ ਹੁੰਦਾ ਹੈ ਤਾਂ ਉਸ ਨੂੰ ਸਜ਼ਾ ਦਿੱਤੀ ਜਾਵੇਗੀ।
- ਕਰਾਊਨ ਕੌਂਸਲ ਸਜ਼ਾ ਬਾਰੇ ਸਿਫਾਰਸ਼ ਕਰਨ ਲਈ ਜ਼ਿੰਮੇਵਾਰ ਹਨ। ਸਜ਼ਾ ਦਾ ਅੰਤਿਮ ਫੈਸਲਾ ਅਦਾਲਤ ਵਲੋਂ ਕੀਤਾ ਜਾਂਦਾ ਹੈ।
- ਸਜ਼ਾ ਤੋਂ ਬਾਅਦ ਵਿਚਾਰਾਂ, ਅਰਜ਼ੀਆਂ, ਅਪੀਲਾਂ ਅਤੇ ਹੋਰ ਕਾਨੂੰਨੀ ਕਾਰਵਾਈਆਂ ਕਾਰਨ ਨੇਪਰੇ ਚੜ੍ਹੀ ਫਾਈਲ ਨਾਲ ਸੰਬੰਧਿਤ ਕੁਝ ਮਾਮਲਿਆਂ 'ਤੇ ਦੁਬਾਰਾ ਵਿਚਾਰ ਹੋ ਸਕਦੀ ਹੈ।

**ਕਰਿਮੀਨਲ ਜਸਟਿਸ ਬਰਾਂਚ ਦਾ ਸੁਪਨਾ:**
**ਹੌਂਸਲੇ ਵਾਲੀ, ਨਿਆਂਕਾਰੀ ਅਤੇ ਕਾਬਲ – ਮੁਕੱਦਮਿਆਂ ਦੀ ਸਰਵਿਸ ਜਿਸ ਵਿਚ ਲੋਕਾਂ ਦਾ ਭਰੋਸਾ ਹੈ**
**www.ag.gov.bc.ca/prosecution-service/**

British Columbia Ministry of Justice

# ਬੀ.ਸੀ. ਦੀ ਪ੍ਰੋਸੀਕਿਊਸ਼ਨ ਸਰਵਿਸ ਦਾ ਰੋਲ

## ਕਰਿਮੀਨਲ ਜਸਟਿਸ ਦੀ ਕਾਰਵਾਈ

- ਕੈਨੇਡਾ ਵਿਚ, ਸੂਬੇ ਅਤੇ ਟੈਰੀਟੋਰੀਜ਼ ਨਿਆਂ ਦੇ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹਨ।
- ਸੂਬਾਈ ਕਰਾਉਨ ਕੌਂਸਲ ਬ੍ਰਿਟਿਸ਼ ਕੋਲੰਬੀਆ ਵਿਚ ਕੈਨੇਡਾ ਦੇ ਕਰਿਮੀਨਲ ਕੋਡ ਅਤੇ ਸੂਬਾਈ ਕਾਨੂੰਨਾਂ ਹੇਠ ਆਉਂਦੇ ਸਾਰੇ ਜੁਰਮਾਂ ਅਤੇ ਅਪੀਲਾਂ ਦੇ ਮੁਕੱਦਮੇ ਲੜਦਾ ਹੈ। ਫੈਡਰਲ ਪ੍ਰੋਸੀਕਿਊਸ਼ਨ ਸਰਵਿਸ, ਫੈਡਰਲ ਕਾਨੂੰਨ ਅਧੀਨ ਆਉਂਦੇ ਖਾਸ ਜੁਰਮਾਂ ਦੇ ਮੁਕੱਦਮੇ ਚਲਾਉਣ ਲਈ ਜ਼ਿੰਮੇਵਾਰ ਹੈ, ਜਿਸ ਵਿਚ ਨਸ਼ਿਆਂ ਜਾਂ ਇਨਕਮ ਟੈਕਸ ਦੇ ਚਾਰਜ ਸ਼ਾਮਲ ਹਨ।
- ਭਾਵੇਂ ਕਿ ਕਰਿਮੀਨਲ ਜਸਟਿਸ ਬਰਾਂਚ, ਮਨਿਸਟਰੀ ਔਫ ਜਸਟਿਸ ਦਾ ਹਿੱਸਾ ਹੈ ਪਰ ਮੁਕੱਦਮਿਆਂ ਦਾ ਕੰਮ ਸਰਕਾਰ ਤੋਂ ਆਜ਼ਾਦ ਹੈ, ਤਾਂ ਜੋ ਕਿਸੇ ਅਸਲੀ ਜਾਂ ਦਿਖਾਈ ਦਿੰਦੇ ਗਲਤ ਅਸਰ ਦੀ ਕਿਸੇ ਸੰਭਾਵਨਾ ਤੋਂ ਬਚਿਆ ਜਾ ਸਕੇ।
- ਅਸਿਸਟੈਂਟ ਡਿਪਟੀ ਅਟਾਰਨੀ ਜਨਰਲ (ਏ ਡੀ ਏ ਜੀ) ਪ੍ਰੋਸੀਕਿਊਸ਼ਨ ਸਰਵਿਸ ਦਾ ਮੁੱਖੀ ਹੈ। ਸਾਰੇ ਮੁਜਰਮਾਨਾ ਮੁਕੱਦਮੇ ਕਰਨ ਅਤੇ ਇਨ੍ਹਾਂ ਦੀ ਨਿਗਰਾਨੀ ਕਰਨ ਉੱਪਰ ਏ ਡੀ ਏ ਜੀ ਦਾ ਅਧਿਕਾਰ ਹੈ।
- ਕਰਾਉਨ ਕੌਂਸਲ ਐਕਟ, ਕਰਾਉਨ ਕੌਂਸਲ, ਬਰਾਂਚ ਅਤੇ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਦੇ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਤਹਿ ਕਰਦਾ ਹੈ। ਇਹ ਅਟਾਰਨੀ ਜਨਰਲ, ਡਿਪਟੀ ਅਟਾਰਨੀ ਜਨਰਲ ਅਤੇ ਬਰਾਂਚ ਵਿਚਕਾਰ ਸੰਬੰਧਾਂ ਬਾਰੇ ਵੀ ਦੱਸਦਾ ਹੈ।

### ਪੜਤਾਲ

ਪੁਲੀਸ ਸੰਭਵ ਜੁਰਮ ਦੀ ਪੜਤਾਲ ਕਰਦੀ ਹੈ। ਜੇ ਉਚਿਤ ਹੋਵੇ ਤਾਂ ਪੁਲੀਸ ਜਾਂ ਪੜਤਾਲ ਕਰ ਰਹੀਆਂ ਹੋਰ ਏਜੰਸੀਆਂ ਚਾਰਜ ਅਸੈੱਸਮੈਂਟ ਲਈ ਕਰਾਉਨ ਕੌਂਸਲ ਨੂੰ ਰਿਪੋਰਟ (ਆਰ ਸੀ ਸੀ) ਦਿੰਦੀਆਂ ਹਨ।

### ਚਾਰਜ ਅਸੈੱਸਮੈਂਟ

ਕਰਾਉਨ ਆਰ ਸੀ ਸੀ ਪ੍ਰਾਪਤ ਕਰਦਾ ਹੈ - ਜਿਸ ਦੀ ਫਿਰ ਚਾਰਜ ਅਸੈੱਸਮੈਂਟ ਕੀਤੀ ਜਾਂਦੀ ਹੈ:
. ਕੀ ਦੋਸ਼ ਸਿੱਧ ਹੋਣ ਦੀ ਬਹੁਤ ਸੰਭਾਵਨਾ ਹੈ?
. ਕੀ ਲੋਕ ਹਿੱਤ ਵਿਚ ਮੁਕੱਦਮਾ ਕੀਤੇ ਜਾਣ ਦੀ ਲੋੜ ਹੈ?

ਕਰਾਉਨ ਕੌਂਸਲ:
- ਚਾਰਜ ਲਾ ਸਕਦਾ ਹੈ;
- ਚਾਰਜ ਨਹੀਂ ਲਾ ਸਕਦਾ ਹੈ;
- ਵਿਅਕਤੀ ਨੂੰ ਕਿਸੇ ਬਦਲਵੇਂ ਪ੍ਰੋਗਰਾਮ ਕੋਲ ਰੈਫਰ ਕਰ ਸਕਦਾ ਹੈ; ਜਾਂ
- ਜ਼ਿਆਦਾ ਜਾਣਕਾਰੀ ਲਈ ਮਾਮਲੇ ਨੂੰ ਪੜਤਾਲ ਕਰ ਰਹੀ ਏਜੰਸੀ ਕੋਲ ਵਾਪਸ ਭੇਜ ਸਕਦਾ ਹੈ।

### ਮੁਕੱਦਮਾ

ਜੇ ਚਾਰਜ ਲਾਏ ਜਾਂਦੇ ਹਨ ਤਾਂ ਕਰਾਉਨ ਕੌਂਸਲ ਕਥਿਤ ਦੋਸ਼ੀ ਦੇ ਵਿਰੁੱਧ ਕਮਿਉਨਟੀ ਦੀ ਤਰਫੋਂ ਮੁਕੱਦਮਾ ਕਰਦਾ ਹੈ।

ਮੁਕੱਦਮੇ ਸੂਬਾਈ ਅਦਾਲਤ ਵਿਚ ਜਾਂ ਬੀ ਸੀ ਦੀ ਸੁਪਰੀਮ ਕੋਰਟ ਵਿਚ ਕੀਤੇ ਜਾ ਸਕਦੇ ਹਨ।

ਮੁਕੱਦਮਾ ਇਹ ਫੈਸਲਾ ਕਰੇਗਾ ਕਿ ਕੀ ਕਥਿਤ ਦੋਸ਼ੀ:
- ਦੋਸ਼ੀ ਨਹੀਂ ਪਾਇਆ ਗਿਆ; ਜਾਂ
- ਦੋਸ਼ੀ ਪਾਇਆ ਗਿਆ ਹੈ।

### ਅਪੀਲਾਂ

ਜੱਜ ਜਾਂ ਜਿਊਰੀ ਦਾ ਫੈਸਲਾ ਅੰਤਿਮ ਹੁੰਦਾ ਹੈ। ਪਰ ਉਸ ਫੈਸਲੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਹੈ। ਅਪੀਲ, ਇਹ ਯਕੀਨ ਕਰਦੇ ਹੋਏ ਕਿਸੇ ਫੈਸਲੇ ਨੂੰ ਬਦਲਣ ਲਈ ਰਸਮੀ ਬੇਨਤੀ ਹੈ ਕਿ ਮੁਕੱਦਮੇ ਦੇ ਕੁਝ ਮਹੱਤਵਪੂਰਨ ਪੱਖਾਂ ਵਿਚ ਗਲਤੀ ਕੀਤੀ ਗਈ ਹੈ।
ਅਪੀਲਾਂ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ:
- ਦੋਸ਼-ਸਿੱਧੀ ਅਤੇ/ ਜਾਂ ਸਜ਼ਾ ਤੋਂ;
- ਦੋਸ਼ਮੁਕਤੀ ਤੋਂ

### ਸਜ਼ਾ

ਜੇ ਮੁਕੱਦਮੇ ਤੋਂ ਬਾਅਦ ਕਥਿਤ ਦੋਸ਼ੀ, ਦੋਸ਼ੀ ਸਿੱਧ ਹੁੰਦਾ ਹੈ, ਜਾਂ ਚਾਰਜਾਂ ਲਈ ਦੋਸ਼ ਮੰਨ ਲੈਂਦਾ ਹੈ ਤਾਂ ਇਕ ਸਜ਼ਾ ਲਾਗੂ ਕੀਤੀ ਜਾਵੇਗੀ।